# *ਕਾਮੇ : ਦ੍ਰਿਸ਼ਟੀਮੂਲਕ ਪਾਸਾਰ*

ਸਕੱਤਰ ਸਿੰਘ
ਖੋਜ ਵਿਦਿਆਰਥੀ
ਪੰਜਾਬੀ ਅਧਿਅਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ,ਅਮ੍ਰਿਤਸਰ।

ਬਲਰਾਜ ਸਾਹਨੀ ਦੀ ਵਿਸ਼ੇਸ਼ ਪਹਿਚਾਣ ਇਕ ਸਫ਼ਲ ਫਿਲਮ ਅਭਿਨੇਤਾ ਵਜੋਂ ਵਧੇਰੇ ਹੈ ਪਰ ਸਾਹਿਤਕ ਹਲਕਿਆਂ ਅੰਦਰ ਉਸਦੀ ਬਹੁ-ਅਯਾਮੀ ਪ੍ਰਤਿਭਾ ਤੋਂ ਕੋਈ ਬੇਵਾਕਿਫ਼ ਨਹੀਂ। ਉਹ ਇੱਕ ਗੁਣਵਾਨ ਤੇ ਸੁੱਘੜ ਅਦਾਕਾਰ ਤੋਂ ਇਲਾਵਾ ਇਕ ਸਫ਼ਲ ਸਫ਼ਰਨਾਮਾਕਾਰ, ਨਾਟਕਕਾਰ, ਨਾਵਲਕਾਰ, ਕਵੀ ਅਤੇ ਨਿਬੰਧਕਾਰ ਸੀ। ਇੰਜ ਉਸਨੇ ਕੁੱਲ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ ਹੈ। ਜਿਨ੍ਹਾਂ ਵਿਚੋਂ ਅੱਧੀ ਦਰਜਨ ਪੁਸਤਕਾਂ ਪੰਜਾਬੀ ਵਾਰਤਕ ਦੇ ਘੇਰੇ ਅੰਦਰ ਆਉਂਦੀਆਂ ਹਨ। ਹਥਲੇ ਅਧਿਐਨ ਦੀ ਵਸਤੂ-ਸਾਮਗ੍ਰੀ ਉਸਦੀ ਕੇਵਲ ਇਕ ਪੁਸਤਕ **ਕਾਮੇ** ਨੂੰ ਬਣਾਇਆ ਗਿਆ ਹੈ। ਅਧਿਐਨ ਦਾ ਕੇਂਦਰੀ-ਬਿੰਦੂ ਉਪਰੋਕਤ ਪੁਸਤਕ ਦੇ ਦ੍ਰਿਸ਼ਟੀਮੂਲਕ ਪਾਸਾਰਾਂ ਦੀ ਨਿਰਖ-ਪਰਖ ਹੈ।

ਬਲਰਾਜ ਸਾਹਨੀ ਦੀ ਪੁਸਤਕ **ਕਾਮੇ** ਦਾ ਸੂਖਮ ਅਧਿਐਨ ਕਰਦਿਆਂ ਇਸਦੀਆਂ ਅਨੇਕ ਪਰਤਾਂ ਸਨਮੁਖ ਹੁੰਦੀਆਂ ਹਨ। ਜਿੰਨ੍ਹਾਂ ਦੇ ਕੇਂਦਰ ਵਿਚ ਇਨਸਾਨੀਅਤ ਦਾ ਨਿੱਗਰ ਸੰਕਲਪ ਬਿਰਾਜ਼ਮਾਨ ਹੈ। ਬਲਰਾਜ ਸਾਹਨੀ ਦੇ ਸਾਹਿਤਕ ਕਾਰਜ ਬਾਰੇ ਜਿੰਨੀ ਵੀ ਆਲੋਚਨਾਤਮਕ ਸਾਮਗ੍ਰੀ ਮਿਲਦੀ ਹੈ, ਬਹੁਤੀ ਅੰਦਰ ਉਸਨੂੰ ਪ੍ਰਤਿਬੱਧ ਮਾਰਕਸਵਾਦੀ ਸਿੱਧ ਕਰਨ ਦੀ ਤਵੱਜੋਂ ਹੈ। ਬਹੁਤੇ ਆਲੋਚਕ ਤੇ ਲੇਖਕ ਉਸਨੂੰ ਪ੍ਰਤਿਬੱਧ ਕਮਿਊਨਿਸਟ ਸਵਿਕਾਰਦੇ ਹਨ। ਮਸਲਨ ਗੁਰਬਖ਼ਸ਼ ਸਿੰਘ ਪ੍ਰੀਤਲੜੀ ਉਸ ਬਾਰੇ ਲਿਖਦਾ ਹੈ ਕਿ, "ਬਲਰਾਜ ਕਮਿਊਨਿਸਟ ਪਾਰਟੀ ਨੂੰ ਲੋਕਾਂ ਦੀ ਪਾਰਟੀ ਸਮਝਦਾ ਸੀ ਤੇ ਉਹ ਬਹੁਤ ਦੇਰ ਇਸ ਪਾਰਟੀ ਦਾ ਸਤਿਕਾਰਿਆ ਮੈਂਬਰ ਰਿਹਾ। ਜਦੋਂ ਮੈਂਬਰ ਨਾ ਰਿਹਾ ਉਦੋਂ ਤੋਂ ਲੈ ਕੇ ਆਪਣੀ ਉਮਰ ਦੇ ਅਖੀਰ ਤਕ ਇਸ ਦਾ ਹਮਦਰਦ ਰਿਹਾ।"[1] ਇਸੇ ਤਰ੍ਹਾਂ ਕੁਝ ਚਿੰਤਕ ਉਸਦੇ ਵਿਚਾਰਾਂ ਦੀ ਅਧਾਰ ਭੂਮੀ ਰੂਸੀ ਸਮਾਜਵਾਦ ਵਿਚ ਨਿਸ਼ਚਿਤ ਕਰਦੇ ਹਨ। ਜਿਵੇਂ ਸੁਖਪਾਲਵੀਰ ਸਿੰਘ ਹਸਰਤ ਉਸ ਦੀ ਵਾਰਤਕ ਬਾਰੇ ਲਿਖਦਾ ਹੈ, "ਉਸਦੀ ਵਿਚਾਰਧਾਰਾ ਆਪਣੀ ਨਿੱਜੀ ਸੋਚ ਅਤੇ ਜੀਵਨ 'ਚੋਂ ਪ੍ਰਾਪਤ ਕੀਤੇ ਅਨੁਭਵ ਅਨੁਸਾਰ ਢਲੀ ਹੋਈ ਸੀ। ਭਾਵੇਂ ਇਸਦਾ ਮੂਲ ਅਧਾਰ ਰੂਸੀ ਸਮਾਜਵਾਦ ਹੀ ਸੀ।"[2] ਮਾਰਕਸਵਾਦ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਉਹ ਖੁਦ ਵੀ ਥਾਂ-ਪਰ-ਥਾਂ ਬਿਆਨ ਕਰਦਾ ਹੈ ਕਿ ਮਾਰਕਸਵਾਦ ਹੀ ਜੀਵਨ ਨੂੰ ਸਮਝਣ ਦਾ ਇਕ ਮਾਤਰ ਸਫ਼ਲ ਦ੍ਰਿਸ਼ਟੀਕੋਣ ਹੈ। ਉਹ ਲਿਖਦਾ ਹੈ ਕਿ, ਮੈਂ ਮਾਰਕਸਵਾਦ ਨੂੰ ਫਲਸਫ਼ੇ ਦੀ ਸਭ ਤੋਂ ਉਚੀ ਪਹੁੰਚ

ਮੰਨਦਾ ਹਾਂ। ਇਸ ਨੂੰ ਕਿਸੇ ਬਾਹਰੀ ਅਧਿਆਤਮਕ ਸ਼ਕਤੀ ਦੀ ਲੋੜ ਨਹੀਂ ਅਤੇ ਸ੍ਰਿਸਟੀ ਨੂੰ ਜਾਣਨ ਤੇ ਸਮਝਣ ਲਈ ਸਾਇੰਸ ਹੀ ਸਭ ਤੋਂ ਸਾਰਥਕ ਸਾਧਨ ਹੈ, ਨਾ ਕਿ ਧਰਮ ਜਾਂ ਅਧਿਆਤਮਵਾਦ।"[3] ਮਾਰਕਸਵਾਦੀ ਫਲਸਫ਼ੇ ਦਾ ਇਹ ਮਹੱਤਵਪੂਰਨ ਸੂਤਰ ਹੈ ਕਿ ਭੌਤਿਕ ਸੰਸਾਰ ਅੰਦਰ ਰੱਬ ਅਧਿਆਤਮਕਤਾ ਜਾਂ ਧਰਮ ਦੀ ਕੋਈ ਸਾਕਾਰਤਮਕ ਭੂਮਿਕਾ ਨਹੀਂ। ਖ਼ੁਦ ਕਾਰਲ ਮਾਰਕਸ ਦਾ ਮੰਨਣਾ ਹੈ ਕਿ, "ਧਰਮ ਵਿਅਕਤੀ ਦੀ ਆਪਣੇ ਚੌਗਿਰਦੇ ਪ੍ਰਤਿ ਕਾਲਪਨਿਕ ਅਤੇ ਆਵਿਗਿਆਨਕ ਪਹੁੰਚ ਦਾ ਪ੍ਰਣਾਮ ਹੈ"[4] ਬਲਰਾਜ ਸਾਹਨੀ ਦੇ ਉਪਰੋਕਤ ਵਿਚਾਰ ਵਿਚ ਵੀ ਇਹੀ ਸੁਰ ਅਗਰਭੂਮਿਤ ਹੁੰਦੀ ਹੈ। ਪਰ ਹਥਲਾ ਅਧਿਐਨ ਇਸ ਦਿਸ਼ਾ ਵੱਲ ਅਗਰਸਰ ਹੈ ਕਿ ਬਲਰਾਜ ਸਾਹਨੀ ਉਹਨਾਂ ਅਰਥਾਂ ਵਿਚ ਮਾਰਕਸਵਾਦੀ ਨਹੀਂ ਜਿਸ ਤਰ੍ਹਾਂ ਦਾ ਉਹ ਖ਼ੁਦ ਦਾਅਵਾ ਕਰਦਾ ਹੈ ਜਾਂ ਉਸ ਬਾਰੇ ਹੋਰ ਚਿੰਤਕ ਅਨੁਮਾਨ ਲਗਾਉਂਦੇ ਹਨ। ਇਹ ਸੰਦੇਹ ਉਹ ਦੀ ਇਸੇ ਟੈਕਸਟ ਵਿਚੋਂ ਪੈਦਾ ਹੋ ਜਾਂਦਾ ਹੈ। ਜਦੋਂ ਉਹ ਲਿਖਦਾ ਹੈ ਕਿ, "ਸੱਚਾ ਰੱਬ, ਦਰਿੱਦਰ-ਨਰਾਇਣ, ਗ਼ਰੀਬਾਂ ਦੀਆਂ ਝੁੱਗੀਆਂ ਵਿਚ ਹੀ ਵੱਸਦਾ ਹੈ। ਇਹ ਦੰਗੇ ਫਸਾਦ ਉਦੋਂ ਹੀ ਖ਼ਤਮ ਹੋਣਗੇ, ਜਦੋਂ ਗ਼ਰੀਬ ਰੱਬ ਦੀ ਸੱਚੀ ਅਵਾਜ਼ ਨੂੰ ਸੁਣਨਗੇ ਅਤੇ ਲਲਕਾਰ ਕੇ ਕਹਿ ਦੇਣਗੇ, ਹਰ ਗ਼ਰੀਬ ਵਿਚ ਰੱਬ ਵੱਸਦਾ ਹੈ"[5] ਇਸ ਤਰ੍ਹਾਂ ਦੇ ਕਈ ਹੋਰ ਹਵਾਲੇ ਉਸ ਦੀ ਉਪਰੋਕਤ ਕਿਸਮ ਦੀ ਵਿਚਾਰਧਰਾਈ ਪਰਿਪੱਕਤਾ ਵਿਚ ਅਟਕਲਪੱਚੂ ਹਨ।

ਮਾਰਕਸਵਾਦੀ ਵਿਚਾਰਧਾਰਾ ਨੂੰ ਭਾਵੇਂ ਅਨੇਕ ਚਿੰਤਕਾਂ ਨੇ ਪਰਿਭਾਸ਼ਿਤ ਕੀਤਾ ਹੈ ਪਰ ਸਾਹਨੀ ਦੀ ਵਾਰਤਕ ਦੇ ਸੰਬੰਧ ਵਿਚ ਟੈਰੀ ਈਗਲਟਨ ਦੀ ਪਰਿਭਾਸ਼ਾ ਦੇ ਮਾਧੀਅਮ ਰਾਹੀਂ ਸਾਹਨੀ ਦੀ ਵਿਚਾਰਧਾਰਾ ਨੂੰ ਹੋਰ ਵਧੀਆ ਢੰਗ ਨਾਲ ਸਮਝਿਆ ਜਾ ਸਕਦਾ ਹੈ। ਈਗਲਟਨ ਲਿਖਦਾ ਹੈ ਕਿ, "ਮਾਰਕਸਵਾਦ ਮਨੁੱਖੀ ਸਮਾਜਾਂ ਅਤੇ ਉਹਨਾਂ ਦੇ ਬਦਲਣ ਦੇ ਅਮਲ ਦਾ ਵਿਗਿਆਨਕ ਸਿੱਧਾਂਤ ਹੈ। ਜੇਕਰ ਵਧੇਰੇ ਠੋਸ ਰੂਪ ਵਿਚ ਕਿਹਾ ਜਾਵੇ ਤਾਂ ਇਸਦਾ ਮਤਲਬ ਹੈ ਕਿ ਮਾਰਕਸਵਾਦ ਮਨੁੱਖਾਂ ਅਤੇ ਔਰਤਾਂ ਦੇ ਉਹਨਾਂ ਘੋਲਾਂ ਦੀ ਕਹਾਣੀ ਬਿਆਨ ਕਰਦਾ ਹੈ, ਜਿਹੜੇ ਉਹ ਆਪਣੇ ਆਪ ਨੂੰ ਕਈ ਤਰ੍ਹਾਂ ਦੀਆਂ ਲੁੱਟਾਂ ਦਲਿਤਤਾ ਤੋਂ ਮੁਕਤ ਹੋਣ ਲਈ ਕਰਦੇ ਹਨ।"[6] ਅਸੀਂ ਈਗਲਟਨ ਦੀ ਉਕਤ ਪਰਿਭਾਸ਼ਾ ਵਿਚੋਂ ਉਸ ਹਿੱਸੇ 'ਤੇ ਧਿਆਨ ਕੇਂਦਰਿਤ ਕਰਦੇ ਹਾਂ, ਜਿਸ ਵਿਚ ਉਸ ਨੇ ਔਰਤਾਂ ਉਪਰ ਹੋ ਰਹੇ ਸ਼ੋਸ਼ਣ ਵਿਰੁੱਧ ਆਰੰਭੇ ਸੰਘਰਸ਼/ਘੋਲ ਦੀ ਕਹਾਣੀ ਨੂੰ ਬਿਆਨ ਕਰਨਾ ਮਾਰਕਸਵਾਦ ਦਾ ਕਰਤੱਵ ਸਮਝਿਆ ਹੈ। ਬਲਰਾਜ ਸਾਹਨੀ ਵੀ ਭਾਰਤੀ ਔਰਤਾਂ ਦੀ ਪਰੰਪਰਾ ਤੋਂ ਅਧੁਨਿਕਤਾ ਤਕ ਦੀ ਸਥਿਤੀ ਨੂੰ ਆਪਣੇ ਨਿਬੰਧ "ਆਦਰਸ਼ ਭਾਰਤੀ ਤੀਵੀ ਮੇਰੀ ਨਜ਼ਰ ਵਿਚ" ਰਾਹੀਂ ਬਿਆਨ ਕਰਦਾ ਹੈ ਪਰ ਕੇਵਲ ਔਰਤ ਦੀ ਸਰੀਰਕ ਦਿੱਖ ਨੂੰ ਸਾਹਮਣੇ ਰੱਖ ਕੇ। ਉਹ ਇਸ ਗੱਲੋਂ ਸੁਚੇਤ ਹੈ ਕਿ ਭਾਰਤ ਵਰਗੇ ਮੁਲਕ ਅੰਦਰ ਸੱਠ ਪ੍ਰਤਿਸ਼ਤ ਔਰਤਾਂ ਭੁੱਖ-ਨੰਗ ਦਾ ਜੀਵਨ ਬਤੀਤ ਕਰ ਰਹੀਆਂ ਹਨ। ਪਰ ਉਹ ਇਹਨਾਂ ਅੰਕੜਿਆਂ

ਦੀ ਵਰਤੋਂ ਕੇਵਲ ਇਸ ਲਈ ਕਰ ਰਿਹਾ ਹੈ ਕਿ ਇਸ ਭੁੱਖ-ਨੰਗ ਕਾਰਨ ਔਰਤ ਦੀ ਖ਼ੂਬਸੂਰਤੀ ਬਰਕਰਾਰ ਨਹੀਂ ਰਹਿ ਸਕਦੀ। ਇਸੇ ਵੇਗ ਵਿਚ ਉਹ ਔਰਤ ਦੀ ਮਾਨਸਿਕਤਾ ਨੂੰ ਬਿਆਨ ਕਰਦਾ ਉਸ ਦੀ ਤੁਲਨਾ ਕੁੱਕੜ ਨਾਲ ਕਰਦਾ ਹੈ। "ਕੁੱਕੜ ਤੇ ਤੀਵੀ ਵਿਚ ਇਕ ਫਰਕ ਹੈ, ਜੋ ਗੱਲ ਕੁੱਕੜ ਨੂੰ ਆਪਣੀ ਨਾਦਾਨੀ ਵਿਚ ਵੀ ਪਸੰਦ ਨਹੀਂ, ਉਹ ਤੀਵੀ ਨੂੰ ਪੂਰੇ ਹੋਸ਼-ਹਵਾਸ ਤੇ ਮਰਜ਼ੀ ਨਾਲ ਪਸੰਦ ਹੈ"।"[7] ਇਸ ਤੋਂ ਅੱਗੇ ਉਹ ਆਦਰਸ਼ ਭਾਰਤੀ ਤੀਵੀ ਬਾਰੇ ਆਪਣੀ ਰਾਇ ਦਿੰਦਾ ਲਿਖਦਾ ਹੈ, "ਅਦਰਸ਼ ਭਾਰਤੀ ਤੀਵੀ ਦਾ ਸੋਹਣਾ ਅਤੇ ਸਡੋਲ ਹੋਣਾ ਹਰ ਹਾਲਤ ਵਿਚ ਜ਼ਰੂਰੀ ਹੈ। ਭਲਾ ਕੁਸੁਹਣੀ ਹੋ ਕੇ ਉਹ 'ਆਰਦਸ਼' ਤੀਵੀ ਕਿਵੇਂ ਕਹਾ ਸਕਦੀ ਹੈ।"[8] ਉਪਰੋਕਤ ਵਿਚਾਰਾਂ ਵਿਚ ਉਹ ਨਾ ਹੀ ਕਿਤੇ ਸਮਾਜ ਦੀ ਸੋਸ਼ਿਤ ਧਿਰ ਨੂੰ ਦਲਿਤਤਾ ਤੋਂ ਮੁਕਤ ਕਰਨ ਦੀ ਗੱਲ ਕਰ ਰਿਹਾ ਹੈ ਅਤੇ ਨਾ ਹੀ ਉਹ ਔਰਤਾਂ ਦੇ ਉਹਨਾਂ ਘੋਲਾਂ ਦੀ ਕਹਾਣੀ ਬਿਆਨ ਕਰ ਰਿਹਾ ਹੈ, ਜਿਹੜਾ ਗੋਲ ਉਹ ਆਪਣੇ ਆਪ ਨੂੰ ਕਈ ਤਰ੍ਹਾਂ ਦੀਆਂ ਲੁੱਟਾਂ ਤੇ ਦਲਿਤਤਾ ਤੋਂ ਮੁਕਤ ਹੋਣ ਲਈ ਕਰਦੀਆਂ ਹਨ। ਪਰ ਇਥੇ ਇਸ ਤਰ੍ਹਾਂ ਦੇ ਵਿਰੋਧੀ ਵਿਚਾਰ ਪੇਸ਼ ਕਰਨ ਦਾ ਮੰਤਵ ਇਹ ਸਿੱਧ ਕਰਨਾ ਬਿਲਕੁਲ ਨਹੀਂ ਕਿ ਬਲਰਾਜ ਸਾਹਨੀ ਵਿਚਾਰਦਾਰਾਈ ਵਿਰੋਧਤਾ ਜਾਂ ਅਸਪੱਸ਼ਟਤਾ ਦਾ ਸ਼ਿਕਾਰ ਹੈ। ਸਗੋਂ ਇਸ ਸਭ ਕੁਝ ਤੋਂ ਇਹ ਸਿੱਧ ਹੋ ਰਿਹਾ ਹੈ ਕਿ ਸਾਹਨੀ ਕਿਸੇ ਵਿਸ਼ੇਸ਼ ਵਿਚਾਰਧਾਰਾ ਜਾਂ ਦਰਸ਼ਨ ਦਾ ਅਨੁਯਾਈ ਨਹੀਂ। ਉਹ ਵਿਕਾਸਵਾਦੀ ਤੇ ਮਾਨਵਵਾਦੀ ਲੇਖਕ ਹੈ, ਜਿਹੜਾ ਮਨੁੱਖਤਾ ਦੀ ਭਲਾਈ ਦਾ ਮੁੱਦਈ ਹੈ ਇਹ ਭਲਾਈ ਉਸ ਨੂੰ ਜਿਸ ਵੀ ਵਿਚਾਰਧਾਰਾ ਵਿਚੋਂ ਦਿਖਾਈ ਦਿੰਦੀ ਹੈ, ਉਹ ਉਸੇ ਨਾਲ ਹੋ ਤੁਰਦਾ ਹੈ। ਸ਼ਾਇਦ ਉਸਦੀ ਵਿਚਾਰਧਾਰਾ ਬਾਬਤ ਡਾ. ਅਤਰ ਸਿੰਘ ਨੇ ਸਹੀ ਪਹਿਚਾਣ ਕੀਤੀ ਹੈ। ਉਹ ਲਿਖਦਾ ਹੈ ਕਿ, "ਗਾਂਧੀ ਜੀ ਦੀ ਸਖ਼ਸ਼ੀਅਤ ਦੇ ਪ੍ਰਭਾਵ ਹੇਠਾਂ ਉਹ ਦੇਸ ਦੀ ਰਾਜਨੀਤੀ ਤੇ ਸਭਿਆਚਾਰਕ ਜੱਦੋ-ਜ਼ਹਿਦ ਦਾ ਇਕ ਹਿੱਸਾ ਬਣ ਗਿਆ...ਇਪਟਾ ਦੀ ਲਹਿਰ ਨਾਲ ਸੰਬੰਧ ਜੁੜਨ ਨਾਲ ਉਹਦੀ ਮਾਨਵਵਾਦੀ ਚੇਤਨਾ ਵੀ ਤਿੱਖੀ ਹੋਈ ਅਤੇ ਭਾਰਤ ਦੀ ਦੁੱਖ ਭੋਗਦੀ ਜਨਤਾ ਨਾਲ ਉਸ ਦੀ ਸਾਂਝ ਵੀ ਵਧੀ ਇਹਨਾਂ ਸਾਰੀਆਂ ਗੱਲਾਂ ਨੇ ਰਲ ਕੇ ਉਸ ਦੀਆਂ ਲਿਖਤਾਂ ਨੂੰ ਇਕ ਦੁਰਲਭ ਸੂਖ਼ਮਤਾ ਅਤੇ ਦ੍ਰਿਸ਼ਟੀ ਦੀ ਵਿਸ਼ਾਲਤਾ ਦੇ ਗੁਣ ਪ੍ਰਦਾਨ ਕਰਨੇ ਹੀ ਸਨ ਜੋ ਕੀਤੇ"[9] ਇਸ ਤੋਂ ਅੱਗੇ ਡਾ. ਅਤਰ ਸਿੰਘ ਉਸ ਦੀ ਲਿਖਤ ਬਾਰੇ ਲਿਖਦਾ ਹੈ ਕਿ, "ਆਪਣੀਆਂ ਲਿਖਤਾਂ ਵਿਚੋਂ ਬਲਰਾਜ ਸਾਹਨੀ ਮਾਨਵਵਾਦ ਦੇ ਇਕ ਬਲਵਾਨ ਸਮਰਥਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਸ ਦਾ ਮਾਨਵਵਾਦ ਨਾ ਅਕ੍ਰਿਆਸ਼ੀਲ ਹੈ ਤੇ ਨਾ ਹੀ ਨਾਕਾਰਤਮਕ।"[10]

ਇਹੀ ਮਾਨਵਵਾਦ ਉਸਦੀ **ਕਾਮੇ** ਪੁਸਤਕ ਵਿਚ ਵੱਖ-ਵੱਖ ਰੂਪਾਂ ਵਿਚ ਪੇਸ਼ ਹੋਇਆ ਹੈ। ਇਸ ਪੁਸਤਕ ਵਿਚ ਉਸਦੇ ਤੇਰਾਂ ਨਿਬੰਧ ਹਨ। ਭਾਵੇਂ ਇਹ ਮਸਲਾ ਇਕ ਵੱਖਰੀ ਵਿਚਾਰ-ਚਰਚਾ ਦੀ ਮੰਗ

ਕਰਦਾ ਹੈ ਕਿ ਇਹਨਾਂ ਨੂੰ ਨਿਬੰਧ ਕਹਿਣਾ ਕਿਥੋਂ ਤਕ ਵਾਜ਼ਿਬ ਹੈ। ਸਾਹਨੀ ਦੀ ਇਸ ਪੁਸਤਕ ਅੰਦਰਲੇ ਨਿਬੰਧ ਨਾਮਕ ਇਹ ਰੂਪ ਕਿੰਨੇ ਰੇਖਾ-ਚਿੱਤਰ ਦੇ ਵਧੇਰੇ ਨਜ਼ਦੀਕ ਹਨ, ਕਿੰਨੇ ਸੰਸਮਰਣ ਦੇ ਤੇ ਕਿੰਨੇ ਲੇਖ ਦੇ। ਹਾਲ ਦੀ ਘੜੀ ਇਸ ਪਾਸੇ ਨਾ ਜਾਂਦਿਆ ਕੇਵਲ ਇੰਨੇ ਵਿਚ ਗੱਲ ਮੁਕਾ ਦਿੰਦੇ ਹਾਂ ਕਿ ਸਾਹਨੀ ਦੇ ਇਹਨਾਂ ਨਿਬੰਧਾਂ ਨੂੰ ਇਹਨਾਂ ਬਹੁ-ਚਰਚਿਤ ਪਰਿਭਾਸ਼ਾਵਾਂ ਅਨੁਸਾਰ ਸਰਸਰੀ ਨਜ਼ਰ ਨਾਲ ਵੀ ਵੇਖੀਏ ਤਾਂ ਇਹ ਚੰਗੇ ਨਿਬੰਧ ਹਨ। ਹਿੰਦੀ ਸਾਹਿਤਯ ਕੋਸ਼ ਦੀ ਪਰਿਭਾਸ਼ਾ ਅਨੁਸਾਰ, "ਅਜਿਹੀ ਸਾਹਿਤਕ ਰਚਨਾ ਨਿਬੰਧ ਹੈ, ਜਿਸ ਵਿਚ ਲੇਖਕ ਨੇ ਕਿਸੇ ਵਿਸ਼ੇ ਬਾਰੇ ਜਾਤੀ ਰਾਇ ਪ੍ਰਗਟ ਕੀਤੀ ਹੋਵੇ। ਇਹ ਏਨਾ ਸੰਖੇਪ ਹੋਣਾ ਚਾਹੀਦਾ ਹੈ ਕਿ ਇਕੋ ਬੈਠਕ ਵਿਚ ਪੜ੍ਹਿਆ ਜਾ ਸਕੇ।"[11] ਇਸੇ ਤਰ੍ਹਾਂ ਸਟੈਂਡਰਡ ਇਨਸਾਈਕਲੋਪੀਡੀਆ ਅਨੁਸਾਰ, "ਨਿਬੰਧ ਦਰਮਿਆਨੇ ਆਕਾਰ ਦੀ ਅਜਿਹੀ ਸਾਹਿਤਕ ਰਚਨਾ ਹੈ ਜਿਸ ਰਾਹੀਂ ਲੇਖਕ ਆਪਣੇ ਜਾਤੀ ਤਜ਼ਰਬੇ ਅਤੇ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਕਿਸੇ ਇਕ ਵਿਸ਼ੇ ਬਾਰੇ ਆਪਣੀ ਰਾਇ ਸਹਿਜ ਸੁਭਾ ਪ੍ਰਗਟ ਕਰਦਾ ਹੈ।"[12]

ਅਧਿਐਨ ਦੀ ਸੁਵਿਧਾ ਲਈ ਬਲਰਾਜ ਸਾਹਨੀ ਦੀ ਇਸ ਪੁਸਤਕ ਵਿਚ ਦਰਜ ਤੇਰਾਂ ਨਿਬੰਧਾਂ ਨੂੰ ਹੇਠ ਲਿਖੇ ਤਿੰਨ ਵਰਗਾਂ ਵਿਚ ਵੰਡ ਕੇ ਸਮਝ ਸਕਦੇ ਹਾਂ ਜਿਵੇਂ ਉਸਦੇ ਨਿਬੰਧਾਂ ਦੇ ਆਧਾਰ 'ਤੇ ਪਹਿਲਾ ਵਰਗ ਸੰਸਮਰਣਾਤਮਕ ਅਤੇ ਆਤਮ ਸੰਸਮਰਣਾਤਮਕ ਨਿਬੰਧਾਂ ਦਾ ਹੈ ਇਸ ਵਰਗ ਅਧੀਨ ਉਸਦੇ ਛੇ ਨਿਬੰਧ "ਇਕ ਘਟਨਾ", "ਇਕ ਮਿੱਠੀ ਯਾਦ", "ਅੱਥਰੂ", "ਭਈਆ ਜੀ", "ਮੈਂ ਜਲਦੇ ਹਵਾਈ ਜਹਾਜ਼ਾਂ ਦੀ ਦੀਵਾਲੀ ਦੇਖੀ" ਅਤੇ "ਕਾਮੇ" ਆ ਜਾਂਦੇ ਹਨ। ਦੂਜਾ ਵਰਗ ਉਸ ਦੁਆਰਾ ਕਲਾ ਤੇ ਸਿਨੇਮੇ ਨਾਲ ਸੰਬੰਧਿਤ ਲਿਖੇ ਵਿਚਾਰਾਤਮਕ ਨਿਬੰਧਾਂ ਦਾ ਹੈ। ਇਸ ਤਰ੍ਹਾਂ ਦੇ ਉਸਦੇ ਤਿੰਨ ਨਿਬੰਧ ਇਸ ਪੁਸਤਕ ਵਿਚ ਹਨ: "ਕਲਾਕਾਰ ਜੰਮਦਾ ਹੈ ਜਾਂ ਬਣਦਾ ਹੈ", "ਇਹ ਹੈ ਫਿਲਮੀਂ ਦੁਨੀਆ" ਅਤੇ "ਪਹਿਲੀ ਸ਼ੂਟਿੰਗ" ਤੀਜਾ ਵਰਗ ਉਸ ਦੁਆਰਾ ਲਿਖੇ ਕੁਝ ਫੁਟਕਲ ਨਿਬੰਧਾਂ ਦਾ ਹੈ ਜਿਵੇਂ "ਕੁੱਤਿਆਂ ਦੀ ਲੜਾਈ", "ਮੇਰਾ ਜੀਵਨ ਦ੍ਰਿਸ਼ਟੀਕੋਣ", "ਗੁਰਬਾਣੀ" ਅਤੇ "ਆਦਰਸ਼ ਭਾਰਤੀ ਤੀਵੀਂ ਮੇਰੀ ਨਜ਼ਰ ਵਿਚ"।

ਮਜ਼ਦੂਰ ਵਰਗ ਪ੍ਰਤਿ ਇਕ ਖ਼ਾਸ ਲਗਾਓ ਉਸਦੀ ਵਾਰਤਕ ਦਾ ਇਕ ਮਹੱਤਵਪੂਰਨ ਤੱਤ ਹੈ। ਉਹ ਭਾਰਤੀ ਆਰਥਿਕ, ਰਾਜਨੀਤਿਕ ਤੇ ਧਾਰਮਿਕ ਵਿਵਸਥਾ ਉਪਰ ਗੁੱਝੇ ਵਿਅੰਗ ਕੱਸਦਿਆਂ, ਮਜ਼ਦੂਰ ਵਰਗ ਦੀ ਅਸੰਤੋਖਜਨਕ ਸਥਿਤੀ ਦਾ ਕਾਰਨ, ਇਹਨਾਂ ਨੂੰ ਠਹਿਰਾਉਂਦਾ ਹੈ। ਹਥਲੀ ਟੈਕਸਟ ਵਿਚੋਂ "ਇਕ ਮਿੱਠੀ ਯਾਦ" ਨਾਮਕ ਨਿਬੰਧ ਇਸ ਦੀ ਸਭ ਤੋਂ ਉਤਮ ਉਦਾਹਰਣ ਮੰਨੀ ਜਾ ਸਕਦੀ ਹੈ। ਉਹ ਇਕ ਨਾਟਕੀ ਅੰਦਾਜ਼ ਵਿਚ ਇਹ ਗੱਲ ਸਮਝਾਉਂਦਾ ਹੈ ਕਿ ਭਾਰਤੀ ਮਜ਼ਦੂਰਾਂ, ਕਾਰੀਗਰਾਂ ਤੇ ਕਲਾਕਾਰਾਂ ਦੀ ਇਕ ਬੜੀ ਵੱਡੀ ਤ੍ਰਾਸਦੀ ਹੈ ਕਿ ਉਹਨਾਂ ਨੂੰ ਆਪਣੇ ਮੁਲਕ ਅੰਦਰ ਨਾ ਕਾਬਲੀਅਤ

ਅਨੁਸਾਰ ਕੰਮ ਮਿਲਦਾ ਹੈ ਤੇ ਨਾ ਕੀਤੀ ਮਿਹਨਤ ਅਨੁਸਾਰ ਮਿਹਨਤਾਨਾ। ਹਿੰਦੁਸਤਾਨ ਅੰਦਰਲਾ ਪੂੰਜੀ-ਪਾੜਾ ਜਿਥੇ ਬਲਰਾਜ ਸਾਹਨੀ ਨੂੰ ਅਸਵਿਕਾਰ ਹੈ, ਉਥੇ ਉਸ ਨਾਲ ਨੇੜੇ ਦੇ ਸੰਬੰਧਾਂ ਵਾਲਾ ਫਿਰਕਾਪ੍ਰਸਤੀ ਦਾ ਮਸਲਾ ਉਸ ਨੂੰ ਡਾਢਾ ਵਿਆਕੁਲ ਕਰਦਾ ਹੈ। ਉਹ ਹਿੰਦੁਸਤਾਨ ਦੀ ਅਵਾਮ ਨੂੰ ਫਿਰਕਾਪ੍ਰਸਤੀ ਦਾ ਸ਼ਿਕਾਰ ਹੋਇਆ ਵੇਖ ਕੇ ਕੁਰਲਾ ਉੱਠਦਾ ਹੈ। ਫਿਰਕਾ ਪ੍ਰਸਤੀ ਫੈਲਣ ਦਾ ਕਾਰਨ ਉਹ ਜਿਥੇ ਅਮੀਰ ਵਰਗ ਦੀ ਦਿਮਾਗੀ ਚੁਸਤੀ ਨੂੰ ਠਹਿਰਾਉਂਦਾ ਹੈ, ਉਥੇ ਗਰੀਬ ਵਰਗ ਦੀ ਅਗਿਆਨਤਾ ਵੀ ਉਸ ਨੂੰ ਇਸ ਦਾ ਕਾਰਨ ਜਾਪਦੀ ਹੈ। ਆਪਣੇ ਇਕ ਫੁਟਕਲ ਨਿਬੰਧ "ਕੁੱਤਿਆਂ ਦੀ ਲੜਾਈ" ਵਿਚ ਉਹ ਲਿਖਦਾ ਹੈ ਕਿ "ਅਮੀਰ ਲੋਕ ਆਪਣੀ ਤਾਕਤ ਨੂੰ ਆਪਸ ਵਿਚ ਇਕ ਦੂਜੇ ਨਾਲ ਲੜ ਕੇ ਜਾਇਆ ਨਹੀਂ ਕਰਦੇ ਜੇ ਲੜਾਈ ਦਾ ਤਮਾਸ਼ਾ ਵੇਖਣਾ ਹੋਵੇ ਤਾਂ ਉਹ ਗਰੀਬਾਂ ਨੂੰ ਲੜਾ ਛੱਡਦੇ ਹਨ।...ਮੈਂ ਆਪਣੇ ਗਰੀਬ ਵੀਰਾਂ ਤੋਂ ਪੁੱਛਦਾ ਹਾਂ, ਤੁਸੀਂ ਆਪਣਾ ਰੱਬ ਦਾ ਦਿੱਤਾ ਦਿਮਾਗ ਕਦੋਂ ਵਰਤੋਗੇ ? ਕੀ ਤੁਸੀ ਕਦੇ ਨਹੀਂ ਪੁਛੋਗੇ, ਇਹਨਾਂ ਫਸਾਦਾਂ ਨਾਲ ਤੁਹਾਡੇ ਕਿਹੜੇ ਸਵਾਲ ਹੱਲ ਹੁੰਦੇ ਹਨ।"[13]

ਇਸ ਟੈਕਸਟ ਅੰਦਰੋਂ ਬਲਰਾਜ ਸਾਹਨੀ ਦੇ ਕਲਾ ਸੰਬੰਧੀ ਵੀ ਕੁਝ ਸੂਖ਼ਮ ਤੇ ਸਥੂਲ ਨੁਕਤੇ ਸਾਹਮਣੇ ਆਉਂਦੇ ਹਨ। ਸੰਸਾਰ ਪੱਧਰ ਤੇ ਹੋਏ ਅਧਿਐਨ ਅੰਦਰ ਮਾਰਕਸਵਾਦ ਦਾ ਕਲਾ ਦੇ ਮਸਲੇ 'ਤੇ ਆਪਣੇ ਸਮਕਾਲੀਆਂ ਤੇ ਪੂਰਬਕਾਲੀਆਂ ਨਾਲ ਇਕ ਲੰਮਾ ਤੇ ਤਿੱਖਾ ਸੰਵਾਦ ਚੱਲਿਆ। ਉਸੇ ਦਾ ਹਲਕਾ ਜਿਹਾ ਪ੍ਰਤਿਬਿੰਬ ਸਾਹਨੀ ਦੀ ਵਾਰਤਕ ਵਿਚੋਂ ਵੀ ਦਿਖਾਈ ਦਿੰਦਾ ਹੈ। ਮਾਰਕਸਵਾਦ ਪ੍ਰਤਿ ਆਪਣੀ ਪ੍ਰਤਿਬੱਧਤਾ ਨੂੰ ਦਿਖਾਉਂਦਿਆਂ ਉਹ ਕਲਾ ਦੇ ਜਮਾਂਦਰੂ ਜਾਂ ਸਮਾਜਕ ਹੋਣ ਦੇ ਮਸਲੇ ਨੂੰ ਲੈ ਕੇ ਭਾਰਤੀ ਸਮਾਜਕ ਤੇ ਆਰਥਿਕ ਵਿਵਸਥਾ ਅੰਦਰ ਇਸਦੀ ਵਿਆਖਿਆ ਕਰਦਿਆਂ, ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਰਸਾਨੀ ਤੇ ਕਾਰੀਗਰੀ ਵਾਂਗ ਕਲਾ ਵੀ ਇਕ ਸਮਾਜਿਕ ਕਾਰਜ ਹੈ। "ਕਲਾਕਾਰ ਜੰਮਦਾ ਹੈ ਜਾਂ ਬਣਦਾ ਹੈ" ਨਾਮਕ ਨਿਬੰਧ ਰਾਹੀਂ ਉਹ ਇਹੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਲਿਖਦਾ ਹੈ ਕਿ "ਜਿਸ ਹੱਦ ਤਕ ਹਰ ਆਦਮੀ ਤਾਲੀਮ ਪਾ ਕੇ ਇੰਜੀਨੀਅਰ ਬਣ ਸਕਦਾ ਹੈ, ਸਰਕਸ ਜਾਂ ਹਵਾਈ ਜਹਾਜ਼ ਦਾ ਪਾਇਲਟ ਬਣ ਸਕਦਾ ਹੈ, ਉਸੇ ਹੱਦ ਤਕ ਉਹ ਐਕਟਰ, ਕਵੀ ਜਾਂ ਚਿੱਤਰਕਾਰ ਵੀ ਬਣ ਸਕਦਾ ਹੈ।"[14]

ਬੇਸ਼ੱਕ ਬਲਰਾਜ ਸਾਹਨੀ ਆਪਣੇ ਦੇਸ ਦੀ ਸਮੁੱਚੀ ਵਿਵਸਥਾ ਅੰਦਰ ਅਨੇਕਾਂ ਨੁਕਸ ਵੇਖਦਾ ਹੈ। ਪਰ ਇਹ ਸਾਰੇ ਨੁਕਸ ਗਿਣਾਉਣ ਪਿੱਛੇ ਉਸਦਾ ਡਾਢਾ ਦੇਸ ਪਿਆਰ ਝਲਕਾਰੇ ਮਾਰਦਾ ਹੈ। ਉਹ ਹਿੰਦੁਸਤਾਨ ਅੰਦਰ ਅਜਿਹੇ ਸਮਾਜ ਦਾ ਵਿਕਲਪ ਕਰਦਾ ਹੈ, ਜਿਸ ਦੀ ਗੁਣਾਤਮਕ ਪਹਿਚਾਣ ਜਾਤ, ਵਰਗ, ਧਰਮ ਤੇ ਫਿਰਕਾ ਆਦਿ ਨੂੰ ਮਨਫੀ ਕਰਕੇ ਹੋਵੇ।

ਬਲਰਾਜ ਸਾਹਨੀ ਦੀ ਵਾਰਤਕ ਅੰਦਰ ਆਦਰਸ਼ਵਾਦੀ ਤੇ ਸੰਤੁਲਤ ਮਨੁੱਖ ਦਾ ਕੋਈ ਮਾਡਲ ਨਹੀਂ ਅਤੇ ਨਾ ਹੀ ਉਹ ਆਪਣੀ ਵਿਹਾਰਕ ਜ਼ਿੰਦਗੀ ਵਿਚੋਂ ਸੁਚੇਤ ਧਰਾਤਲ ’ਤੇ ਅਜਿਹੇ ਮਨੁੱਖ ਦਾ ਕੋਈ ਮਾਡਲ ਸਿਰਜਣ ਦੀ ਕੋਸ਼ਿਸ ਕਰਦਾ ਹੈ। ਇਹ ਬਲਰਾਜ ਸਾਹਨੀ ਦੀ ਦ੍ਰਿਸ਼ਟੀਮੂਲਕ ਪਾਸਾਰਤਾ ਦੀ ਖ਼ਾਮੀ ਵੀ ਕਹੀ ਜਾ ਸਕਦੀ ਹੈ ਤੇ ਪੂਰਨਤਾ ਵੀ। ਮਰਦ ਦੇ ਪ੍ਰਸੰਗ ਵਿਚ ਉਸਦੀ ਇਹ ਪਹੁੰਚ ਪੂਰਨਤਾ ਨੂੰ ਪਹੁੰਚਦੀ ਹੈ ਤੇ ਔਰਤ ਦੇ ਪ੍ਰਸੰਗ ਵਿਚ ਅਪੂਰਨਤਾ ਨੂੰ। ਪੰਜਾਬੀਅਤ ਦਾ ਜੋ ਤੀਖਣ ਜਜ਼ਬਾ ਉਹ ਪੇਸ਼ ਕਰਦਾ ਹੈ, ਉਸ ਦੀ ਬਹੁਪਸਾਰਤਾ ਵਿਚ ਔਰਤ ਨਾਲ ਨਿੱਜੀ ਨਜ਼ਰੀਏ ਤੋਂ ਉਹ ਅਨਿਆ ਕਰ ਬੈਠਦਾ ਹੈ। ਉਸਦਾ ਨਿਬੰਧ “ਆਦਰਸ਼ ਭਾਰਤੀ ਤੀਵੀਂ ਮੇਰੀ ਨਜ਼ਰ ਵਿਚ” ਇਸਦੀ ਠੋਸ ਉਦਾਹਰਣ ਹੈ। ਉਹ ਔਰਤ ਦੇ ਆਦਰਸ਼ ਨੂੰ ਬਿਆਨ ਕਰਦਿਆਂ ਉਸਦੀ ਸਰੀਰਕ ਖਿੱਚ ਤੋਂ ਪਾਰ ਫੈਲਣ ਦੀ ਸਮਰੱਥਾ ਨਹੀਂ ਰੱਖਦਾ। ਉਹ ਔਰਤ ਦੇ ਸੁਹੱਪਣ ਤੇ ਆਦਰਸ਼ ਵਿਚ ਕੋਈ ਫਰਕ ਨਾ ਕਰਦਿਆਂ ਜਿਥੇ ਔਰਤ ਦੀ ਹਰ ਤਰ੍ਹਾਂ ਦੀ ਸਰੀਰਕ ਬਣਤਰ ਦੀ ਸਰਾਹਨਾ ਕਰੀ ਜਾਂਦਾ ਹੈ, ਉਥੇ ਉਸਦੀ ਜ਼ਿਹਨੀ ਕਾਬਲੀਅਤ ਉਪਰ ਪ੍ਰਸ਼ਨ ਚਿੰਨ੍ਹ ਵੀ ਲਗਾ ਦੇਂਦਾ ਹੈ। ਇਸ ਦੇ ਵਿਪਰੀਤ ਮਰਦ ਬਾਰੇ ਉਹ ਲਿਖਦਾ ਹੈ ਕਿ, “ਆਦਰਸ਼ ਭਾਰਤੀ ਮਰਦ ਲਈ ਨਾ ਤਾਂ ਸੋਹਣਾ ਹੋਣਾ ਜ਼ਰੂਰੀ ਹੈ, ਨਾ ਪੜ੍ਹੇ ਲਿਖੇ ਹੋਣਾ ਅਤੇ ਨਾ ਹੀ ਸੱਭਿਆ ਹੋਣਾ।”[15]

ਸਾਧਾਰਨ ਬੰਦੇ ਦੀ ਸਾਧਾਰਨਤਾ, ਉਸਦੀ ਮਾਨਸਿਕ ਅਸਥਿਰਤਾ ਤੇ ਅਨਿਸ਼ਚਿਤਤਾ ਦੀ ਸੂਖਮ ਨਿਸ਼ਾਨਦੇਹੀ ਬਲਰਾਜ ਸਾਹਨੀ ਦੇ ਸਾਰੇ ਨਿਬੰਧਾਂ ਦਾ ਲਗਭਗ ਕੇਂਦਰੀ ਸੂਤਰ ਹੈ। ਬੰਦੇ ਦੀ ਜ਼ਿੰਦਗੀ ਵਿਚ ਆਉਣ ਵਾਲੇ ਉਤਰਾਵਾਂ-ਚੜ੍ਹਾਵਾਂ ਤੇ ਪਲ-ਪਲ ਬਦਲਦੀ ਮਾਨਸਿਕਤਾ ਦਾ ਇਕ ਸਿਲਸਿਲਾ ਉਸਦੇ ਲਗਭਗ ਸਾਰੇ ਨਿਬੰਧਾਂ ਵਿਚ ਚਲਦਾ ਰਹਿੰਦਾ ਹੈ। ਜਿਵੇਂ “ਇਕ ਘਟਨਾ” ਨਾਮਕ ਨਿਬੰਧ ਵਿਚ ਵਾਪਰਦਾ ਹੈ। ਗਾਲਪਨਿਕ ਵਿਧਾ ਦੇ ਸੁਮੇਲ ਵਾਲਾ ਇਹ ਨਿਬੰਧ ਬੇਹੱਦ ਰੌਚਿਕ ਹੈ। ਇਸ ਨਿਬੰਧ ਦੀ ਮੁੱਖ ਥੀਮ ਪੰਜਾਬੀਆਂ ਦੀ ਪਿੱਛਲੱਗ ਤੇ ਗ਼ੁਲਾਮ ਮਾਨਸਿਕਤਾ ਦੀ ਪੇਸ਼ਕਾਰੀ ਦੇ ਨਾਲ-ਨਾਲ ਇਕ ਕਿਸ਼ੋਰ ਅਵਸਥਾ ਵਾਲੇ ਚੰਚਲ ਮਨ ਮੁੰਡੇ ਦੀ ਮਾਨਸਿਕਤਾ ਦੇ ਉੱਥਲ-ਪੁੱਥਲ ਨੂੰ ਚਿਤਰਨਾ ਹੈ। ਡਾ. ਗੁਰਪ੍ਰੀਤ ਸਿੰਘ ਸਿੱਧੂ ਇਸ ਨਿਬੰਧ ਬਾਰੇ ਲਿਖਦਾ ਹੈ ਕਿ “ਇਹ ਨਿਬੰਧ ਭਾਰਤੀਆਂ ਦੀ ਗ਼ੁਲਾਮੀ ਵਾਲੀ ਮਾਨਸਿਕਤਾ ’ਤੇ ਕਰਾਰਾ ਵਿਅੰਗ ਹੈ।”[16] ਪਰ ਸਾਡੀ ਨਜ਼ਰੇ ਇੰਜ ਕਹਿਣਾ ਜ਼ਿਆਦਾ ਤਰਕਸੰਗਤ ਨਹੀਂ। ਇਹ ਨਿਬੰਧ ਵਾਸਤਵ ਵਿਚ ਪੱਛਮੀ ਤੇ ਭਾਰਤੀ ਲੋਕਾਂ ਦੀ ਮਾਨਸਿਕਤਾ ਵਿਚਲੇ ਵੱਡੇ ਫਰਕ ਨੂੰ ਪੇਸ਼ ਕਰਦਾ ਹੈ। ਇਸ ਫਰਕ ਨੂੰ ਦਰਸਾਉਣ ਪਿੱਛੇ ਸਾਹਨੀ ਦਾ ਮੰਤਵ ਅਵਾਮ ਨੂੰ ਵਿਕਾਸਵਾਦੀ ਤੇ ਪ੍ਰਗਤੀਵਾਦੀ ਰਾਹਾਂ ’ਤੇ ਤੋਰਨਾ ਹੈ ਨਾ ਕਿ ਅੰਗਰੇਜ਼ੀ ਸੋਚ ਦਾ ਪਿੱਛਲੱਗ ਬਣਨ ਦੇਣਾ। ਅਜਿਹਾ ਕਰਦਿਆਂ ਉਹ ਦੇਸ ਦੀ ਅਵਾਮ ਲਈ ਵਿਕਾਸਵਾਦੀ ਰਾਹਾਂ ਹੀ ਤਲਾਸ਼ ਰਿਹਾ ਹੈ।

ਉਹ ਲਿਖਦਾ ਹੈ ਕਿ "ਮੈਂ ਆਮ ਤੌਰ 'ਤੇ ਇਹ ਵੇਖਦਾ ਹਾਂ ਕਿ ਅਜ਼ਾਦੀ ਮਿਲਣ ਦੇ ਵੀਹ ਸਾਲ ਬਾਅਦ ਵੀ ਅਸੀਂ ਉਹਨਾਂ ਹੀ ਲੀਹਾਂ 'ਤੇ ਸੋਚ ਰਹੇ ਹਾਂ, ਜੋ ਅੰਗਰੇਜ਼ਾਂ ਨੇ ਪਾਈਆਂ ਸਨ। ਉਹਨਾਂ ਲੀਹਾਂ ਨੂੰ ਛੱਡਣ ਦੀ ਹਿੰਮਤ ਸਾਡੇ ਵਿਚ ਨਹੀਂ ਹੈ। ਏਸ ਲਈ ਸਾਡਾ ਏਨਾ ਸਾਰਾ ਸਮਾਂ ਦੇਸ਼ ਕਲਿਆਣ ਦੀ ਥਾਂ ਆਪਸੀ ਲੜਾਈ ਝਗੜਿਆਂ ਤੇ ਵਿਅਰਥ ਦੀ ਨੱਸ ਭੱਜ ਵਿਚ ਬਰਬਾਦ ਹੋ ਰਿਹਾ ਹੈ"[17] ਸਾਹਨੀ ਦੀ ਇਸ ਸਮੁੱਚੀ ਟੈਕਸਟ ਵਿਚੋਂ ਕੋਈ ਅਜਿਹਾ ਹਵਾਲਾ ਨਹੀਂ ਮਿਲਦਾ ਜੋ ਲੋਕ-ਵਿਰੋਧੀ ਹੋਵੇ, ਸਮੁਚੀ ਟੈਕਸਟ ਲੋਕ-ਮੁਖੀ ਹੈ। ਦੂਜਾ ਅਵਾਮ ਦੀ ਇਸ ਪਿੱਛਲੱਗ ਮਾਨਸਿਕਤਾ ਨੂੰ ਬਿਆਨ ਕਰਦਿਆਂ ਉਹ ਖ਼ੁਦ ਨੂੰ ਅਵਾਮ ਵਿਚ ਸ਼ਾਮਿਲ ਕਰਕੇ ਲਿਖਦਾ ਹੈ, ਅਵਾਮ ਤੋਂ ਬਾਹਰ ਹੋ ਲੇ ਇਸ 'ਤੇ ਵਿਅੰਗ ਨਹੀਂ ਕਰਦਾ।

"ਇਕ ਮਿੱਠੀ ਯਾਦ" ਨਾਮਕ ਨਿਬੰਧ ਅੰਦਰ ਉਹ ਇਕ ਪੜੇ-ਲਿਖੇ ਮੱਧ ਵਰਗੀ ਇਨਸਾਨ ਦੀ ਸੌੜੀ ਸੋਚ ਨੂੰ ਬਿਆਨ ਕਰਦਾ ਹੈ ਤੇ ਉਸੇ ਸੋਚ ਦੇ ਸੋਮੇ ਦੀ ਦੂਸਰੀ ਪਰਤ ਵਿਚ ਸਮਾਜ ਦੀ ਕਾਣੀ ਵੰਡ ਦੇ ਸ਼ਿਕਾਰ ਲੋਕਾਂ ਦੀ ਭਾਵੁਕਤਾ ਨੂੰ ਦਰਸਾਉਂਦਾ ਹੈ। ਬਲਰਾਜ ਸਾਹਨੀ ਇਸ ਨਿਬੰਧ ਅੰਦਰ ਕਲਾ ਤੇ ਕਿਰਤ ਦੇ ਮਾਅਨੇ ਸਮਝਾਉਣ ਦਾ ਯਤਨ ਕਰਦਾ ਹੈ। ਇਸ ਨਿਬੰਧ ਅੰਦਰ ਬਲਰਾਜ ਸਾਹਨੀ ਖ਼ੁਦ ਅਜਿਹੀ ਧਿਰ ਦਾ ਪ੍ਰਤਿਨਿਧ ਹੈ, ਜਿਹੜਾ ਕਿਰਤੀ ਦਾ ਕਲਾਤਮਕ ਰੂਪ ਫਿਲਮਾਂ ਵਿਚ ਪੇਸ਼ ਤਾਂ ਕਰ ਸਕਦਾ ਹੈ ਪਰ ਉਸਦੀ ਯਥਾਰਥਕ ਸਥਿਤੀ ਨੂੰ ਸਮਝਣ ਤੋਂ ਅਣਜਾਣ ਹੈ। ਦੂਜੇ ਪਾਸੇ ਅਸਲ ਕਿਰਤੀ (ਨਿਬੰਧ ਵਿਚਲਾ ਪੀਪੇ ਠੀਕ ਕਰਨ ਵਾਲਾ ਮੁੰਡਾ) ਕਲਾ ਦਾ ਕਦਰਦਾਨ ਹੈ ਭਾਵੇਂ ਉਸ ਨੂੰ ਉਸਦੀ ਯੋਗਤਾ ਅਨੁਸਾਰ ਕਿਰਤ ਦੇ ਵਸੀਲੇ ਮੁਹੱਈਆ ਨਹੀਂ ਹਨ ਅਤੇ ਨਾ ਹੀ ਉਸਦੀ ਕਿਰਤ ਦਾ ਸਹੀ ਮੁੱਲ ਪੈਂਦਾ ਹੈ। ਇਹ ਦੋਵੇਂ ਸਥਿਤੀਆਂ ਬਲਰਾਜ ਸਾਹਨੀ ਨੂੰ ਸਾਡੇ ਦੇਸ ਦੀ ਵੱਡੀ ਤ੍ਰਾਸਦੀ ਜਾਪਦੀਆਂ ਹਨ। ਬਲਰਾਜ ਸਾਹਨੀ ਦਾ "ਅੱਥਰੂ" ਨਿਬੰਧ ਗਾਲਪਨਿਕ ਵਿਧਾ 'ਤੇ ਆਧਾਰਿਤ ਇਕ ਵਿਸ਼ਾਲ ਨਿਬੰਧ ਹੈ। ਇਹ ਗੱਲ ਲਗਭਗ ਸਰਬ ਪ੍ਰਵਾਨਿਤ ਹੈ ਕਿ ਅਰਥਵਾਨ ਸ਼ਬਦਾਂ ਵਿਚ ਪ੍ਰਗਟ ਕੀਤੀ ਗਈ ਹਰੇਕ ਗੱਲ ਦਾ ਕੋਈ ਨਾ ਕੋਈ ਥੀਮ ਹੁੰਦਾ ਹੈ। ਬਲਰਾਜ ਸਾਹਨੀ ਦੇ ਇਸ ਨਿਬੰਧ ਵਿਚੋਂ ਇਹ ਗੱਲ ਵਧੇਰੇ ਉਭਰ ਕੇ ਸਾਹਮਣੇ ਆਉਂਦੀ ਹੈ। ਲੇਖਕ ਨੇ ਇਸ ਨਿਬੰਧ ਅੰਦਰ ਮੱਧ ਵਰਗੀ ਮਨੁੱਖ ਦੀ ਗੁੰਝਲਦਾਰ ਮਾਨਸਿਕਤਾ ਦੀ ਅਭਿਵਿਅਕਤੀ ਕੀਤੀ ਹੈ। ਅਜਿਹੇ ਮਨੁੱਖ ਨੂੰ ਸਮਾਜ ਵਿਚਲਾ ਆਰਥਿਕ ਆਧਾਰ 'ਤੇ ਪੈਦਾ ਹੋਇਆ ਅਸੰਤੁਲਨ ਅਸਵਿਕਾਰ ਹੈ। ਉਹ ਅਜਿਹੀ ਸਥਿਤੀ ਲਈ ਜ਼ਿੰਮੇਵਾਰ ਧਿਰਾਂ 'ਤੇ ਗੁੱਝੇ ਵਿਅੰਗ ਕੱਸਦਾ ਹੈ। ਲੇਖਕ ਨਿਬੰਧ ਅੰਦਰਲੇ ਸਿੰਧੀ ਮੁੰਡੇ ਦੀ ਗੁਰਬਤ ਭਰੀ ਜ਼ਿੰਦਗੀ ਵੇਖ ਕੇ ਪਸੀਜ਼ ਜਾਂਦਾ ਹੈ। ਪਰ ਉਸਦੀ ਸਥਿਤੀ ਵਿਚ ਸੁਧਾਰ ਲਿਆਉਣ ਦਾ ਉਸ ਕੋਲ ਕੋਈ ਵਿਕਲਪ ਨਹੀਂ। ਵਿਅਕਤੀਗਤ ਤੇ ਸਮੂਹਿਕ ਦੋਵਾਂ ਰੂਪਾਂ ਵਿਚ ਜਵਾਹਰ ਲਾਲ ਨਹਿਰੂ ਉਸ ਨੂੰ ਇਸ ਗੱਲੋਂ

ਸਮਰੱਥ ਲਗਦਾ ਹੈ, ਜਿਹੜਾ ਇਕ ਦੇਸ਼ ਭਗਤ ਦੇ ਭਤੀਜੇ ਸਿੰਧੀ ਮੁੰਡੇ ਤੇ ਉਸ ਵਰਗੇ ਹੋਰ ਮੁੰਡਿਆਂ ਨੂੰ ਇਨਸਾਫ਼ ਦਿਵਾ ਸਕਦਾ ਹੈ। ਲੇਖਕ ਨਹਿਰੂ ਬਾਰੇ ਲਿਖਦਾ ਹੈ, "ਨਹਿਰੂ ਸੱਚ-ਮੁੱਚ ਬਹੁਤ ਉੱਚੇ ਆਦਰਸ਼ਾਂ ਵਾਲਾ ਆਦਮੀ ਹੈ। ਮਨੁੱਖਤਾ ਲਈ ਪ੍ਰੇਮ ਤੇ ਦਰਦ ਰੱਖਣ ਵਾਲਾ ਆਦਮੀ ਹੈ... ਪਰ ਫੇਰ ਵੀ ਉਹਨਾਂ ਆਪਣੇ ਆਪ ਨੂੰ ਇਕ ਮਜਬੂਤ ਕਿਲੇ ਵਿਚ ਬੰਦ ਕੀਤਾ ਹੋਇਆ ਹੈ ਕਿਉਂਕਿ ਉਸ ਨੂੰ ਵੀ ਮਲੂਮ ਹੀ ਹੋਵੇਗਾ ਕਿ ਚਾਲੀ ਕਰੋੜ ਇਨਸਾਨਾਂ ਦੀ ਭੁੱਖ-ਨੰਗ ਅਤੇ ਉਹਨਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਦਾ ਇਲਾਜ ਉਹ ਇਕੱਲਾ ਨਹੀਂ ਕਰ ਸਕਦਾ।"[18] ਟੈਕਸਟ ਬਾਹਰੇ ਨਹਿਰੂ ਅਤੇ ਸਾਹਨੀ ਦੇ ਵਿਅਕਤੀਗਤ ਸੰਬੰਧਾਂ ਦੇ ਆਧਾਰ 'ਤੇ ਸਾਧਾਰਨ ਨਜ਼ਰੇ ਵੇਖਿਆਂ ਸਾਹਨੀ, ਨਹਿਰੂ ਨੂੰ ਦੋਸ਼ ਮੁਕਤ ਕਰਦਾ ਲਗਦਾ ਹੈ। ਇਕਹਿਰੇ ਪ੍ਰਸੰਗ ਵਿਚ ਵੇਖਦਿਆਂ, ਜਿਵੇਂ: ਡਾ. ਗੁਰਪ੍ਰੀਤ ਸਿੰਘ ਸਿੱਧੂ ਲਿਖਦਾ ਹੈ, "ਇਸ ਨਿਬੰਧ ਵਿਚ ਲੇਖਕ ਦਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਪ੍ਰਤੀ ਜਾਤੀ ਰਵੱਈਆ ਸਨੇਹਪੂਰਨ ਅਤੇ ਸਤਿਕਾਰ ਵਾਲਾ ਹੈ। ਪਰ ਪਾਠਕਾਂ ਦੀ ਨਜ਼ਰ ਤੋਂ ਬਲਰਾਜ ਸਾਹਨੀ ਦੀ ਕੋਈ ਵੀ ਦਲੀਲ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਸਮਾਜਿਕ ਕੁਰੀਤੀਆਂ ਦਾ ਦੋਸ਼ੀ ਹੋਣ ਤੋਂ ਬਰੀ ਨਹੀਂ ਕਰ ਸਕਦੀ।"[19] ਬਲਰਾਜ ਸਾਹਨੀ ਆਪਣੀਆਂ ਉਪਰੋਕਤ ਸਤਰਾਂ ਵਿਚ ਨਹਿਰੂ ਨੂੰ ਦੋਸ਼ ਮੁਕਤ ਨਹੀਂ ਕਰ ਰਿਹਾ। ਸਗੋਂ ਟੈਕਸਟ ਬਾਹਰੀ ਨਜ਼ਰੀਏ ਦੇ ਆਧਾਰ 'ਤੇ ਇਹ ਕਹਿਣਾ ਆਵਿਗਿਆਨਿਕ ਹੈ ਅਤੇ ਟੈਕਸਟ ਦੇ ਆਧਾਰ ਤੇ ਇੰਜ ਕਹਿਣਾ ਸਾਹਿਤ ਦੇ ਅਭਿਧਾਮੂਲਕ ਅਰਥਾਂ ਤੋਂ ਪਾਰ ਨਾ ਫੈਲ ਸਕਣਾ ਹੈ। ਸਾਡਾ ਮੰਨਣਾ ਇਹ ਹੈ ਕਿ ਅਸਿੱਧੇ ਢੰਗ ਨਾਲ ਬਲਰਾਜ ਸਾਹਨੀ ਨਹਿਰੂ 'ਤੇ ਵਿਅੰਗ ਕੱਸ ਰਿਹਾ ਹੈ। ਲੇਖਕ ਜਦੋਂ ਇਹ ਕਹਿੰਦਾ ਹੈ ਕਿ, "ਦੇਸ਼ ਦੀ ਭੁੱਖ-ਨੰਗ ਦੂਰ ਕਰਨਾ ਸਰਕਾਰ ਦਾ ਕੰਮ ਹੈ, ਨਾ ਇਕ ਇਕੱਲਾ ਵਿਅਕਤੀ ਤੇ ਨਾ ਸਭਾ ਸੁਸਾਇਟੀਆਂ ਕੋਈ ਵੱਡੀ ਮਦਦ ਕਰ ਸਕਦੀਆਂ ਹਨ।"[20] ਤਾਂ ਇਹਨਾਂ ਸਤਰਾਂ ਰਾਹੀਂ ਦੇਸ ਦੀ ਆਜ਼ਾਦੀ ਤੋਂ ਬਾਅਦ ਵੀ ਦੇਸ ਦੀ ਮਾੜੀ ਹਾਲਤ ਤੇ ਗਰੀਬਾਂ 'ਤੇ ਹੋ ਰਹੇ ਅੱਤਿਆਚਾਰ ਲਈ ਲੇਖਕ ਸਮੇਂ ਦੀ ਸਰਕਾਰ ਪੰਡਿਤ ਨਹਿਰੂ ਨੂੰ ਕਸੂਰਵਾਰ ਠਹਿਰਾ ਰਿਹਾ ਹੈ। ਇਸਦੀ ਦੂਸਰੀ ਮਿਸਾਲ ਇਹ ਹੈ ਕਿ ਲੇਖਕ ਯੋਗੀ ਨਾਥ ਨੂੰ ਅਸਲ ਦੇਸ਼ ਭਗਤ ਮੰਨਦਾ ਹੈ ਜਿਸਨੇ ਦੇਸ਼ ਲਈ ਨਿਸ਼ਕਾਮ ਸੇਵਾ ਕੀਤੀ ਅਤੇ ਉਚੇ ਰੁਤਬਿਆਂ ਦਾ ਕੋਈ ਲਾਲਚ ਨਹੀਂ ਕੀਤਾ। ਇਸ ਨਿਬੰਧ ਵਿਚ ਲੇਖਕ ਯੋਗੀ ਨਾਥ ਨੂੰ ਆਪਣਾ ਮਿੱਤਰ ਦੱਸਦਾ ਹੈ ਪੂਰੇ ਨਿਬੰਧ ਵਿਚ ਕਿਤੇ ਵੀ ਉਹ ਨਹਿਰੂ ਨੂੰ ਆਪਣਾ ਮਿੱਤਰ ਨਹੀਂ ਕਹਿੰਦਾ ਸਗੋਂ ਉਸ ਨੂੰ ਇਕ ਵੱਡਾ ਬੰਦਾ ਮੰਨਦਾ ਹੈ। ਉਹ ਲਿਖਦਾ ਹੈ, "ਨਹਿਰੂ ਦਾ ਬੰਗਲਾ ਵੱਡਾ ਹੈ ਪਰ ਮੇਰੀ ਇਤਨੀ ਤੌਫ਼ੀਕ ਨਹੀਂ ਕਿ ਮੁੰਡੇ ਨੂੰ ਆਪਣੇ ਘਰੇ ਠਹਿਰਾ ਲਵਾਂ।"[21]

"ਕੁੱਤਿਆਂ ਦੀ ਲੜਾਈ" ਨਾਮਕ ਨਿਬੰਧ ਵਿਚ ਲੇਖਕ ਨਿਮਨ ਸ਼੍ਰੇਣੀ ਦੀ ਪਿੱਛਲੱਗ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਲੇਖਕ ਅਜਿਹੀ ਮਾਨਸਿਕਤਾ ਦਾ ਕਾਰਨ ਅਨਪੜ੍ਹਤਾ ਨੂੰ ਮੰਨਦਾ ਹੈ ਅਤੇ

ਅਨਪੜ੍ਹਤਾ ਪੂੰਜੀ ਦੀ ਅਣਹੋਂਦ ਕਾਰਨ ਹੈ। ਸਾਹਨੀ ਲਿਖਦਾ ਹੈ ਕਿ “ਅਮੀਰਾਂ ਨੂੰ ਪਤਾ ਹੈ ਕਿ ਗ਼ਰੀਬਾਂ ਨੂੰ ਅੱਗਾਂ ਲਾਉਣ ਲਈ ਵੀ ਖ਼੍ਰੀਦਿਆ ਸਕਦਾ ਹੈ, ਆਪਸ ਵਿਚ ਲੜਨ ਲਈ ਵੀ ਗ਼ਰੀਬਾਂ ਨੂੰ ਝੱਟ ਉਕਸਾਇਆ ਜਾ ਸਕਦਾ ਹੈ।”[22] ਇੰਜ ਲੇਖਕ ਪੂੰਜੀ ਤੇ ਧਰਮ ਦੀ ਦੁਰਵਰਤੋਂ ਦੀ ਗੱਲ ਕਰਕੇ ਧਰਮ ਤੇ ਸਮਾਜ ਦੇ ਠੇਕੇਦਾਰਾਂ ਦਾ ਪਰਦਾਫਾਸ਼ ਕਰਦਾ ਹੈ ਤੇ ਨਿਮਨ ਸ਼੍ਰੇਣੀ ਨੂੰ ਇਸ ਦੀ ਲੋੜ ਤੇ ਸਮਝ ਬਾਰੇ ਜਾਣੂ ਕਰਵਾਉਣ ਦਾ ਯਤਨ ਕਰਦਾ ਹੈ। ਪੂੰਜੀ ਦੀ ਬਰਾਬਰੀ ਵਾਲਾ ਰਾਹ ਲੇਖਕ ਨੂੰ ਏਨਾ ਸੌਖਾ ਨਹੀਂ ਲਗਦਾ ਇਸੇ ਲਈ ਉਹ ਨਿਮਨ ਸ਼੍ਰੇਣੀ ਨੂੰ ਰੱਬ ਦੀ ਰੱਬਤਾ ਵਾਲਾ ਰਸਤਾ ਅਪਣਾਉਣ ਦੀ ਸਲਾਹ ਦਿੰਦਾ ਹੋਇਆ ਕਹਿੰਦਾ ਹੈ ਕਿ “ਇਹ ਦੰਗੇ ਫਸਾਦ ਉਦੋਂ ਹੀ ਖ਼ਤਮ ਹੋਣਗੇ ਜਦੋਂ ਗ਼ਰੀਬ ਰੱਬ ਦੀ ਸੱਚੀ ਅਵਾਜ਼ ਨੂੰ ਸੁਣਨਗੇ ਅਤੇ ਲਲਕਾਰ ਕੇ ਕਹਿ ਦੇਣਗੇ। ਹਰ ਗ਼ਰੀਬ ਵਿਚ ਰੱਬ ਵੱਸਦਾ ਹੈ ਤੇ ਅਸੀਂ ਰੱਬ ਦਾ ਖ਼ੂਨ ਨਹੀਂ ਕਰਾਂਗੇ।”[23] ਲੇਖਕ ਪਰੋਲਤਾਰੀ ਧਿਰ ਅੰਦਰ ਹੱਕਾਂ ਦੀ ਚੇਤਨਾ ਪੈਦਾ ਕਰਨ ਦੀ ਗੱਲ ਤਾਂ ਕਦਰਾ ਹੈ ਪਰ ਇਥੇ ਉਸਦਾ ਨਜ਼ਰੀਆ ਮਾਰਕਸਵਾਦੀ ਨਹੀਂ ਉਂਜ ਲੋਕਮੁਖੀ ਹੈ।

“ਗੁਰਬਾਣੀ” ਨਾਮਕ ਨਿਬੰਧ ਵਿਚ ਸਾਹਨੀ ਅਜੋਕੇ ਧਰਮ ਅਡੰਬਰ ਵਿਚੋਂ ਅਲੋਪ ਹੋ ਰਹੀ ਇਨਸਾਨੀਅਤ ਦੀ ਗੱਲ ਕਰਦਾ ਹੈ। ਉਹ ਹਿੰਦੂ ਧਰਮ, ਸਿੱਖ ਧਰਮ ਤੇ ਇਸਲਾਮ ਦੇ ਹਵਾਲਿਆਂ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਧਰਮ ਦੇ ਠੇਕੇਦਾਰਾਂ ਨੇ ਉਕਤ ਧਰਮਾਂ ਦੇ ਪੈਗੰਬਰਾਂ ਦੇ ਸੰਦੇਸ਼ ਨੂੰ ਉਹਨਾਂ ਅਰਥਾਂ ਵਿਚ ਸਾਂਭ ਕੇ ਨਹੀਂ ਰੱਖਿਆ ਜਿੰਨ੍ਹਾਂ ਅਰਥਾਂ ਵਿਚ ਉਹਨਾਂ ਨੇ ਸਾਨੂੰ ਦਿੱਤੇ ਸਨ। ਗੁਰਬਾਣੀ ਦੇ ਸੰਦਰਭ ਵਿਚ ਲੇਖਕ ਉਹਨਾਂ ਲੋਕਾਂ ਨੂੰ ਤਾਕੀਦ ਕਰ ਰਿਹਾ ਹੈ ਜਿਹੜੇ ਕੇਵਲ ਇਸ ਦੇ ਉਚਾਰਨ ਨੂੰ ਇਸਦੀ ਅੰਤਿਮ ਸੀਮਾ ਬਣਾ ਬੈਠੇ ਹਨ ਤੇ ਇਸ ’ਤੇ ਅਮਲ ਕਰਨਾ ਭੁੱਲ ਗਏ ਹਨ। ਲੇਖਕ ਦੇ ਦ੍ਰਿਸ਼ਟੀਕੋਣ ਤੋਂ ਗੁਰਬਾਣੀ ’ਤੇ ਵਧੇਰੇ ਅਮਲ ਕਰਨ ਦੀ ਲੋੜ ਹੈ, ਨਾ ਕਿ ਇਸ ਪ੍ਰਤਿ ਅੰਨੀ ਸ਼ਰਧਾ ਜਿਤਾਉਣ ਦੀ। ਗੁਰਬਾਣੀ ਕਿਉਂਕਿ ‘ਲੋਕ’ (ਜਨ) ਦੇ ਵਧੇਰੇ ਨੇੜੇ ਹੈ ਇਸੇ ਲਈ ਲੇਖਕ ਲਈ ਇਹ ਕਮਾਲ ਦੀ ਚੀਜ਼ ਹੈ। ਗੁਰਬਾਣੀ ਦਾ ਉਹੀ ਥੀਮ ਉਸਨੂੰ ਵਧੇਰੇ ਪ੍ਰਵਾਨ ਹੈ। ਜਿਸ ਅੰਦਰ ਜਨਤਾ ਦੀ ਸੇਵਾ ਕਰਨ, ਜਨਤਾ ਨਾਲ ਵਿਚਾਰ ਵੰਡਣ, ਜਨਤਾ ਨਾਲ ਉੱਠਣ-ਬੈਠਣ, ਅਤੇ ਜਨਤਾ ਦੇ ਅੰਗ-ਸੰਗ ਹੋ ਕੇ ਰਹਿਣ ਦੀ ਗੱਲ ਕੀਤੀ ਹੈ। ਲੇਖਕ ਨੇ ਇਸ ਨਿਬੰਧ ਦੇ ਥੀਮ ਦੀ ਉਸਾਰੀ ਲਈ ਇਤਿਹਾਸਕ ਪਹੁੰਚ ਅਪਣਾਈ ਹੈ। ਇਸੇ ਕਰਕੇ ਉਹ ਹਿੰਦੂ ਧਰਮ ਵਿਚ ਇਸਲਾਮ ਦੇ ਪ੍ਰਵੇਸ਼ ਅਤੇ ਸਿੱਖ ਧਰਮ ਦੇ ਜਨਮ ਦੀ ਲੋੜ ਤੇ ਮਹੱਤਤਾ ਨੂੰ ਬਿਆਨ ਕਰਦਾ ਹੈ। “ਭਈਆ ਜੀ” ਨਿਬੰਧ ਵਿਚ ਲੇਖਕ ਨੇ ਭਾਰਤ ਦੀ ਖ਼ਰਾਬ ਰਾਜਨੀਤਿਕ ਵਿਵਸਥਾ ਅੰਦਰ ਇਕ ਸਾਧਾਰਨ ਆਦਮੀ ਦੀਆਂ ਟੁੱਟਦੀਆਂ ਭ੍ਰਾਂਤੀਆਂ ਦਾ ਇਕ ਖਾਕਾ ਖਿੱਚਿਆ ਹੈ। ਲੇਖਕ ਇਸ ਨਿਬੰਧ ਵਿਚ ਸਮਾਜ ਵਿਚਲੀ ਇਕ ਅਜਿਹੀ ਧਿਰ ਦੀ ਪ੍ਰਤਿਨਿਧਤਾ ਕਰ ਰਿਹਾ ਹੈ ਜਿਹੜੀ ਮਾਰਕਸਵਾਦੀ ਲੈਨਿਨਵਾਦੀ ਸੋਚ ਰਾਹੀਂ ਸਮਾਜ ਦੀ

ਕਾਇਆ ਕਲਪ ਕਰਨਾ ਚਹੁੰਦੀ ਹੈ, ਪਰ ਨਿਜ਼ਾਮ ਨੂੰ ਬਦਲਣ ਦਾ ਸਹੀ ਵਿਕਲਪ ਉਹਨਾਂ ਕੋਲ ਨਹੀਂ ਹੈ ਜਾਂ ਇੰਜ ਕਹਿ ਲਈਏ ਕਿ ਉਹ ਅਜਿਹੇ ਹਾਲਾਤ ਪੈਦਾ ਕਰਨ ਵਿਚ ਅਸਫ਼ਲ ਰਹਿੰਦੇ ਹਨ ਜੋ ਨਿਜ਼ਾਮ ਨੂੰ ਬਦਲ ਸਕਣ। ਲੇਖਕ ਇਸ ਨਿਬੰਧ ਅੰਦਰ ਨਿਜ਼ਾਮ ਨੂੰ ਬਦਲਣ ਵਾਲੇ ਹਾਲਾਤ ਪੈਦਾ ਕਰਨ ਵੱਲ ਅਗਰਸਰ ਹੈ।

"ਕਾਮੇ" ਬਲਰਾਜ ਸਾਹਨੀ ਦਾ ਅਕਾਰ ਤੇ ਵਿਚਾਰ ਪੱਖੋਂ ਇਕ ਵੱਡ-ਅਕਾਰੀ ਨਿਬੰਧ ਹੈ। ਇਸ ਨਿਬੰਧ ਨੂੰ ਉਸ ਨੇ ਨਾਵਲ ਦੀ ਤਰਤੀਬ ਵਾਂਗ ਪੰਜ ਹਿੱਸਿਆਂ ਵਿਚ ਵੰਡ ਕੇ ਪੇਸ਼ ਕੀਤਾ ਹੈ। ਜੇ ਇੰਜ ਕਹਿ ਲਈਏ ਕੇ ਸਾਹਨੀ ਦਾ ਇਹ ਨਿਬੰਧ ਪਰਵਾਸੀ ਚੇਤਨਾ ਪੈਦਾ ਕਰਨ ਵਾਲੀ ਰਚਨਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਲੇਖਕ ਇਸ ਨਿਬੰਧ ਵਿਚ ਵਿਦੇਸ਼ਾਂ ਵਿਚ ਰਹਿੰਦੇ ਉਹਨਾਂ ਭਾਰਤੀਆਂ ਦੀ ਵਿੱਥਿਆ ਬਿਆਨ ਕਰਦਾ ਹੈ ਜੋ ਚੰਗਾ ਜੀਵਨ ਜਿਉਣ ਦੀ ਤਾਂਗ ਲੈ ਕੇ ਵਿਦੇਸ਼ਾਂ ਵਿਚ ਸਖ਼ਤ ਮਿਹਨਤ ਕਰਦੇ ਹਨ। ਪਰ ਪਰਾਈ ਧਰਤੀ 'ਤੇ ਉਹਨਾਂ ਨੂੰ ਨਸ਼ਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਜਿਹੀ ਜ਼ਿੱਲਤ ਭਰੀ ਜ਼ਿੰਦਗੀ ਜਿਉਦਿਆਂ ਉਹਨਾਂ ਅੰਦਰੋਂ ਭਾਰਤੀ ਸਭਿਅਤਾ ਪ੍ਰਤਿ ਮੋਹ ਵਧੇਰੇ ਜਾਗਦਾ ਹੈ ਅਤੇ ਉਹਨਾਂ ਦਾ ਅਣਖੀਲਾਪਣ ਹੋਰ ਵਧੇਰੇ ਪੱਕਾ ਹੋ ਜਾਂਦਾ ਹੈ। ਇਸ ਦੇ ਵਿਪਰੀਤ ਲੇਖਕ ਨੂੰ ਇੰਜ ਵੀ ਲਗਦਾ ਹੈ ਕਿ ਹਿੰਦੋਸਤਾਨੀਆਂ ਦੀ ਮਾਨਸਿਕਤਾ ਵਿਚ ਗ਼ੁਲਾਮੀ ਘਰ ਕਰ ਗਈ ਹੈ ਅਤੇ ਉਹ ਹੀਣਪੁਣੇ ਦਾ ਸ਼ਿਕਾਰ ਹੋ ਗਏ ਹਨ। ਅਜਿਹਾ ਉਸ ਨੂੰ ਉਦੋਂ ਲਗਦਾ ਹੈ ਜਦੋਂ ਉਹ ਪੜ੍ਹੇ ਲਿਖੇ ਹਿੰਦੋਸਤਾਨੀਆਂ ਨੂੰ ਅੰਗਰੇਜ਼ਾਂ ਦੀ ਜੀਵਨ-ਸ਼ੈਲੀ ਅਨੁਸਾਰ ਜਿਉਣ ਦੀ ਕੋਸ਼ਿਸ਼ ਕਰਦਿਆਂ ਵੇਖਦਾ ਹੈ। ਆਪਣੇ ਵਧੇਰੇ ਨਿਬੰਧਾਂ ਵਿਚਲੇ ਸਾਂਝੇ ਥੀਮ ਵਾਂਗ ਇਸ ਵਿਚ ਵੀ ਉਸ ਨੇ ਹਿੰਦੁਸਤਾਨੀਆਂ ਦੀ ਆਰਥਿਕ ਮੰਦਹਾਲੀ ਬਿਆਨ ਕੀਤੀ ਹੈ ਅਤੇ ਸਰਕਾਰਾਂ ਦੀ ਜਨਤਾ ਪ੍ਰਤਿ ਨਾਕਾਰਾਤਮਕ ਪਹੁੰਚ 'ਤੇ ਨਿਸ਼ਾਨਾ ਸਾਧਿਆ ਹੈ। ਕੁੱਲ ਮਿਲਾ ਕੇ ਉਸ ਨੇ ਭਾਰਤੀ ਕਾਮੇ ਦੀ ਲਾਚਾਰਗੀ ਨੂੰ ਦਰਸਾਇਆ ਹੈ। ਜਿਹੜਾ ਆਪਣੇ ਦੇਸ਼ ਵਿਚ ਆਰਥਿਕ ਵਸੀਲਿਆਂ ਦੀ ਮੰਦੀ ਕਾਰਨ ਸ਼ੋਸ਼ਿਤ ਹੋ ਰਿਹਾ ਹੈ ਤੇ ਵਿਦੇਸ਼ਾਂ ਵਿਚ ਆਪਣੀ ਨਸਲ ਕਾਰਨ ਆਪਣਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਵਾ ਰਿਹਾ ਹੈ।

"ਮੈਂ ਜਲਦੇ ਹਵਾਈ ਜਹਾਜਾਂ ਦੀ ਦੀਵਾਲੀ ਦੇਖੀ" ਨਾਮਕ ਨਿਬੰਧ ਟੈਕਸਟ ਵਿਚਲੇ ਬਾਕੀ ਬਾਰਾਂ ਨਿਬੰਧਾਂ ਨਾਲੋਂ ਥੀਮ ਦੀ ਪੱਧਰ 'ਤੇ ਥੋੜੀ ਅਲੱਗ ਕਿਸਮ ਦਾ ਹੈ। ਇਸ ਸਮੁੱਚੇ ਨਿਬੰਧ ਵਿਚ ਲੇਖਕ ਜਿਹੜਾ ਬਿਰਤਾਂਤ ਸਿਰਜਦਾ ਹੈ ਉਸ ਦੇ ਪਿਛੋਕੜ ਵਿਚੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਅੰਗਰੇਜ਼ਾਂ ਦੇ ਭਾਰਤ 'ਤੇ ਕਬਜ਼ੇ ਸਮੇਂ ਉਹ ਅੰਗਰੇਜ਼ ਕੌਮ ਨੂੰ ਨਿਡਰ ਕੌਮ ਸਮਝਦਾ ਸੀ ਸ਼ਾਇਦ ਇਸੇ ਕਰਕੇ ਉਹ ਹਿੰਦੁਸਤਾਨ 'ਤੇ ਕਾਬਜ਼ ਹੋ ਗਈ ਸੀ। ਪਰ ਜਦੋਂ ਜਰਮਨੀ ਇੰਗਲੈਂਡ 'ਤੇ ਹਮਲਾ ਕਰਦਾ ਹੈ ਤਾਂ ਉਸ ਸਮੇਂ ਉਸ ਨੂੰ ਅੰਗਰੇਜ਼ਾਂ ਦੀ ਹਾਲਤ ਬੜੀ ਤਰਸਯੋਗ ਲਗਦੀ ਹੈ ਜਿਹੜੇ ਆਪਣਾ ਨੁਕਸਾਨ

ਸਹਿਣ ਨਹੀਂ ਕਰ ਸਕਦੇ। ਹਿੰਦੁਸਤਾਨੀਆਂ 'ਤੇ ਉਸ ਨੂੰ ਮਾਣ ਹੈ, ਜੋ ਏਨੇ ਲਤਾੜੇ ਜਾਣ ਦੇ ਬਾਵਜੂਦ ਜਿੰਦਾਦਿਲੀ ਨਾਲ ਜਿਉ ਰਹੇ ਹਨ।

ਸਮੁੱਚੇ ਰੂਪ ਵਿਚ, ਸਮੁੱਚੀ ਟੈਕਸਟ ਅੰਦਰ ਇਕ ਸੰਤੁਲਿਤ ਸਮਾਜ ਦੀ ਕਾਮਨਾ ਹੈ। ਅਜਿਹੇ ਸਮਾਜ ਦੇ ਨਿਰਮਾਣ ਲਈ ਬਲਰਾਜ ਸਾਹਨੀ ਇਸ ਟੈਕਸਟ ਅੰਦਰ ਜੋ ਗ੍ਰਾਫ ਬਣਾਉਦਾ ਹੈ। ਉਸ ਲਈ ਉਹ ਕਿਸੇ ਇਕ ਦਰਸ਼ਨ, ਵਿਚਾਰਧਾਰਾ ਜਾਂ ਸਿਸਟਮ ਦਾ ਪਿਛਲੱਗ ਨਹੀਂ ਬਣਦਾ, ਸਗੋਂ ਵਿਕਾਸਵਾਦੀ ਤੇ ਲੋਕ-ਮੁਖੀ ਸੋਚ ਦਾ ਧਾਰਨੀ ਬਣਦਿਆਂ ਉਹ ਮਾਰਕਸਵਾਦ, ਸਿੱਖ ਧਰਮ, ਹਿੰਦੂ ਧਰਮ, ਇਸਲਾਮ ਆਦਿ ਤੋਂ ਸੇਧ ਲੈਂਦਾ ਦਿਖਾਈ ਦਿੰਦਾ ਹੈ। ਉਹ ਹਰ ਉਸ ਚਿੰਤਨ ਜਾਂ ਦਰਸ਼ਨ ਦੇ ਉਹਨਾਂ ਤੱਤਾਂ ਨੂੰ ਅਪਣਾਉਦਾ ਹੈ, ਜਿਹੜੇ ਨਿਰੋਲ ਕੋਲ-ਮੁਖੀ ਹਨ।

## ਹਵਾਲੇ ਤੇ ਟਿੱਪਣੀਆਂ

1. ਗੁਰਬਖਸ਼ ਸਿੰਘ ਪ੍ਰੀਤਲੜੀ, "ਬਹੁਪੱਖੀ ਸ਼ਾਨਦਾਰ ਸ਼ਖਸੀਅਤ", **ਬਲਰਾਜ ਜੀਵਨ ਤੇ ਕਲਾ**, ਡਾ. ਨਰੇਸ਼ (ਸੰਪ.), ਪੰਨਾ 20.
2. ਉਹੀ, "ਬਲਰਾਜ ਸ਼ਾਹਨੀ ਦਾ ਪੰਜਾਬੀ ਸਾਹਿਤ ਵਿਚ ਸਥਾਨ", ਪੰਨਾ 62.
3. **ਕਾਮੇ**, ਪੰਨਾ 31.
4. Marx Engels, **On Religion**, p. 229.
5. **ਕਾਮੇ**, ਪੰਨਾ 25.
6. **ਮਾਰਕਸਵਾਦੀ ਸਾਹਿਤ ਆਲੋਚਨਾ**, (ਅਨੁ. ਜੋਗਾ ਸਿੰਘ) ਭੂਮਿਕਾ ਵਿਚੋਂ।
7. **ਕਾਮੇ**, ਪੰਨਾ 71.
8. ਉਹੀ ਸਥਾਨ।
9. **ਬਲਰਾਜ ਜੀਵਨ ਤੇ ਕਲਾ**, "ਬਲਰਾਜ ਸਾਹਨੀ ਦੀ ਦੇਣ", ਪੰਨਾ 32.
10. ਉਹੀ, ਪੰਨਾ 35.

11. **ਹਿੰਦੀ ਸਾਹਿਤਯ ਕੋਸ਼** (ਸੰਪ. ਧਰੇਂਦਰ ਕੁਮਾਰ ਸੁਮਨ), ਪੰਨਾ 408.

12. **New Standard Encyclopeadia**, vol.-5, p. 212.

13. **ਕਾਮੇ**, ਪੰਨਾ 24.

14. ਉਹੀ, ਪੰਨਾ 26.

15. ਉਹੀ, ਪੰਨਾ 73.

16. **ਬਲਰਾਜ ਸਾਹਨੀ ਦੀ ਪੰਜਾਬੀ ਵਾਰਤਕ ਆਲੋਚਨਾਤਮਕ ਅਧਿਐਨ**, ਪੰਨਾ 124.

17. **ਕਾਮੇ**, ਪੰਨਾ 12.

18. ਉਹੀ, ਪੰਨਾ 43.

19. **ਬਲਰਾਜ ਸਾਹਨੀ ਦੀ ਪੰਜਾਬੀ ਵਾਰਤਕ ਅਲੋਚਨਾਤਮਕ ਅਧਿਐਨ**, ਪੰਨਾ 129.

20. **ਕਾਮੇ**, ਪੰਨਾ 40.

21. ਉਹੀ, ਪੰਨਾ 42.

22. ਉਹੀ, ਪੰਨਾ 24.

23. ਉਹੀ, ਪੰਨਾ 25.